# ਮਾਊਂਟੇਨ ਡਯੂ ਨੇ ਕਿੰਗਸ XI ਪੰਜਾਬ ਦੇ ਨਾਲ ਗੱਠਜੋੜ ਕੀਤਾ

ਲੁਧਿਆਣਾ, 5 ਮਾਰਚ (ਸਚਦੇਵਾ) ਮਾਊਂਟੇਨ ਡਯੂ, ਪੈਪਸਿਕੋ ਇੰਡੀਆ ਦੀ ਉਤਪਾਦ ਸੂਚੀ 'ਚ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਕਾਰਬੋਨੇਟਿਡ ਸਾਫਟ ਡਰਿੰਕ ਸ਼੍ਰੇਣੀ 'ਚ ਲਗਾਤਾਰ ਤੇਜ਼ੀ ਨਾਲ ਅੱਗੇ ਵੱਧ ਰਿਹਾ ਪੀਣ ਵਾਲਾ ਪਦਾਰਥ ਇੱਕ ਵਾਰ ਫਿਰ ਤੋਂ ਅਜਿਹਾ ਕਰ ਰਿਹਾ ਹੈ ਅਤੇ ਇਸ ਵਾਰ ਕਿੰਗਸ XI ਪੰਜਾਬ ਦੇ ਨਾਲ ਅਧਿਕਾਰਿਕ ਪੇਅ ਪਾਰਟਨਰ ਦੇ ਰੂਪ 'ਚ ਜੁੜ ਕੇ ਇੱਕ ਅਜਿਹੇ ਕ੍ਰਿਕਟ ਫੀਵਰ ਦੀ ਸ਼ੁਰੂਆਤ ਕਰਨ ਵਾਲਾ ਹੈ, ਜੋ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਇੱਥੇ ਇਹ ਐਲਾਨ ਕਰਦੇ ਹੋਏ ਸ੍ਰੀ ਅਲਪਨਾ ਟੀਟਸ, ਕਾਰਜਸਾਧਕ ਡਾਇਰੈਕਟਰ (ਫਲੇਵਰਸ), ਪੈਪਸਿਕੋ ਇੰਡੀਆ ਹੋਲਡਿੰਗ ਨੇ ਕਿਹਾ, "ਮਾਊਂਟੇਨ ਡਯੂ ਰਿਵਾਇਤੀ ਮਾਪਦੰਡਾਂ ਨੂੰ ਚੁਣੌਤੀ ਦੇ ਕੇ ਨਵੇਂ ਮਾਪਦੰਡ ਸਥਾਪਤ ਕਰਦੀ ਹੈ। 'ਡਰ ਕੀ ਵਿਕਟ ਗਿਰਾਏਗਾ ਤੋ ਹਮਾਰੇ ਸਾਥ ਖੇਲੇਗਾ' ਮੁਹਿੰਮ ਇਸੇ ਬ੍ਰਾਂਡ ਅਵਸਥਾ ਨੂੰ ਦਰਸਾਉਂਦਾ ਹੈ।